بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 19.04.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਉਸਮਾਨ ਬਿਨ ਮਜ਼ਊਨ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਮਨਭਾਉਂਦਾ ਤੇ ਦਿਲਖਿਚੱਵਾਂ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 19 ਅਪ੍ਰੈਲ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਬਦਰੀ ਸਹਾਬਾ ਦਾ ਵਰਨਣ ਕਰਾਂਗਾ ਉਹਨਾਂ ਦਾ ਨਾਂ ਹਜ਼ਰਤ ਉਸਮਾਨ ਬਿਨ ਮਜ਼ਊਨ ਹੈ ਆਪ ਦਾ ਸੰਬੰਧ ਮੱਕੇ ਦੇ ਕੁਰੈਸ਼ ਪਰਿਵਾਰ ਬਨੂ ਜਮਹ ਨਾਲ ਸੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਬੁਵੱਤ ਦੀ ਘੋਸ਼ਣਾ ਕਰਨ ਦੇ ਬਾਦ ਅਰੰਭਕ ਕਾਲ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਨਬੁਵੱਤ ਦੇ ਅਰੰਭਕ ਕਾਲ ਵਿੱਚ ਤਲਹਾ, ਜ਼ੁਬੈਰ, ਹਮਜ਼ਹ ਅਤੇ ਉਸਮਾਨ ਬਿਨ ਮਜ਼ਊਨ ਆਪ ਨੂੰ ਮਿਲ ਗਏ । ਉਹਨਾਂ ਵਿੱਚੋਂ ਹਰ ਇਕ ਵਿਅਕਤੀ ਆਪ ਦਾ ਫ਼ਿਦਾਈ ਸੀ, ਹਰ ਇਕ ਵਿਅਕਤੀ ਆਪਦੇ ਪਸੀਨੇ ਦੀ ਥਾਂ ਆਪਣਾ ਰਕਤ ਵਹਾਉਣ ਲਈ ਤਿਆਰ ਸੀ । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਤੇਰ੍ਹਾ ਸਾਲ ਤੱਕ ਔਕੁੜਾਂ ਵੀ ਆਈਆਂ ਕਸ਼ਟ ਵੀ ਆਪਨੂੰ ਝਲੱਣੇ ਪਏ ਪਰ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਤਸੱਲੀ ਸੀ ਕਿ ਮੱਕੇ ਵਾਲਿਆਂ ਵਿੱਚੋਂ ਅਕਲ ਵਾਲੇ, ਚੰਗੀ ਸਮਝ ਵਾਲੇ, ਰੁਤਬਿਆਂ ਵਾਲੇ, ਸੰਜਮਤਾ ਰਖੱਣ ਵਾਲੇ ਪਵਿਤੱਰਤਾ ਰਖੱਣ ਵਾਲੇ ਮੈਨੂੰ ਮਨ ਚੁਕੇ ਹਨ ਅਤੇ ਹੁਣ ਮੁਸਲਮਾਨ ਇਕ ਤਾਕਤ ਸਮਝੇ ਜਾਂਦੇ ਹਨ । ਜੱਦ ਕੋਈ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਬਾਰੇ ਕਹਿੰਦਾ ਕਿ ਨਊਜ਼ਬਿਲੱਾਹਿ ਉਹ ਪਾਗਲ ਹਨ ਤਾਂ ਉਸ ਦੇ ਦੂਜੇ ਸਾਥੀ ਹੀ ਉਸਨੂੰ ਕਹਿੰਦੇ ਕਿ ਜੇਕਰ ਉਹ ਪਾਗਲ ਹੈ ਤਾਂ ਫਲਾਣਾ ਵਿਅਕਤੀ ਜੋ ਬਹੁਤ ਸਮਝਦਾਰ ਤੇ ਅਕਲ ਵਾਲਾ ਹੈ ਉਹ ਉਹਨਾ ਨੂੰ ਕਿਉਂ ਮੰਨ੍ਹਦਾ ਹੈ । ਇਹ ਇਕ ਅਜਿਹਾ ਉਤੱਰ ਸੀ ਜਿਸਦੇ ਉਤੱਰ ਵਿੱਚ ਕੋਈ ਵਿਅਕਤੀ ਬੋਲਣ ਦੀ ਤਾਕਤ ਨਹੀਂ ਰਖੱਦਾ ਸੀ ।

ਯੂਰੋਪੀਅਨ ਲੇਖਕ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਵਿਰੁਧ ਬਹੁਤ ਬੋਲਦੇ ਹਨ ਪਰ ਜਿਥੇ ਅਬੂਬਕਰ ਦਾ ਨਾਂ ਆਉਂਦਾ ਹੈ ਕਹਿੰਦੇ ਹਨ ਕਿ ਅਬੂਬਕਰ ਬਹੁਤ ਨਿਰਦੋਸ਼ੇ ਸਨ ਅਤੇ ਕਹਿੰਦੇ ਹਨ ਕਿ ਜਿਸ ਵਿਅਕਤੀ ਨੂੰ ਅਬੂਬਕਰ ਨੇ ਮੰਨ ਲਿਆ ਉਹ ਕਿਵੇਂ ਝੂਠਾ ਹੋ ਗਿਆ । ਜਿਸ ਨੂੰ ਅਬੂਬਕਰ ਨੇ ਮੰਨਿਆਂ ਉਹ ਵੀ ਨਿਸ਼ਚੇ ਹੀ ਪ੍ਰਸ਼ੰਸਾ ਯੋਗ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਾਰੇ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਵੀ ਅਰੰਭ ਵਿੱਚ ਹੀ ਹਰਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਇਮਾਨ ਲਿਆਏ ਅਤੇ ਇਸਦੇ ਬਾਦ ਵਿਦਿਅਕ ਲੋਕਾਂ ਦੀ ਇਕ ਜਮਾਤ ਆਪਦੇ ਨਾਲ ਹੋ ਗਈ । ਅਲੱਾਹ ਤਆਲਾ ਨੇ ਆਪ ਨੂੰ ਵੀ ਅਜਿਹੇ ਸਾਥੀ ਉਪਲਭਦ ਕਰਾ ਦਿੱਤੇ ਜਿੰਨ੍ਹਾ ਦੀ ਹੋਰ ਦੁਨੀਆ ਪ੍ਰਸ਼ੰਸਾ ਕਰਦੀ ਸੀ ।

ਇਕ ਹੋਰ ਥਾਂ ਮੱਕੇ ਦੇ ਕਾਫ਼ਰਾਂ ਦੀ ਹਸਰਤਾਂ ਤੇ ਈਰਖਾ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਰੱਬ ਨੇ ਅਜਿਹੇ ਸਾਧਨ ਪੈਦਾ ਕਰ ਦਿੱਤੇ ਕਿ ਕਾਫਰਾਂ ਦੇ ਮਨ ਹਰ ਸਮੇਂ ਸੜਦੇ ਭੁਜੱਦੇ ਤੇ ਸਵਾਹ ਹੁੰਦੇ ਰਹਿੰਦੇ ਸਨ । ਕੋਈ ਵਡੱਾ ਪਰਿਵਾਰ ਅਜਿਹਾ ਨਹੀਂ ਸੀ ਜਿਸਦੇ ਲੋਕ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਨ ਆ ਚੁਕੇ ਹੋਣ । ਹਜ਼ਰਤ ਉਸਮਾਨ ਬਿਨ ਮਜ਼ਊਨ ਵੀ ਅਜਿਹੇ ਵੱਡੇ ਪਰਿਵਾਰ ਵਿੱਚੋਂ ਸਨ । ਭਾਵ ਹਜ਼ਾਰਾਂ ਹੀ ਲੋਕ ਅਜਿਹੇ ਸਨ ਜੋ ਇਸਲਾਮ ਦੇ ਕਟੱਰ ਵਿਰੋਧੀ ਸਨ, ਪਰ ਉਹਨਾ ਦੀ ਸੰਤਾਨ ਨੇ ਆਪਣੇ ਆਪ ਨੂੰ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਪੈਰ੍ਹਾਂ ਵਿੱਚ ਪਾ ਦਿਤੱਾ ਅਤੇ ਰਣਖੇਤਰ ਵਿੱਚ ਆਪਣੇ ਪਿਤਾ ਅਤੇ ਸਾਕਾ ਸੰਬੰਧੀਆਂ ਵਿਰੁਧ ਤਲਵਾਰਾਂ ਚਲਾਈਆਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕਿ ਇਬਨੇ ਇਸਹਾਕ ਅਨੁਸਾਰ ਹਜ਼ਰਤ ਉਸਮਾਨ ਬਿਨ ਮਜ਼ਊਨ ਨੇ ਤੇਰ੍ਹਾਂ ਵਿਕਅਤੀਆਂ ਦੇ ਬਾਦ ਇਸਲਾਮ ਕੁਬੂਲ ਕੀਤਾ । ਆਪਨੇ ਅਤੇ ਆਪਦੇ ਪੁਤੱਰ ਸਾਇਬ ਨੇ ਮੁਸਲਮਾਨਾ ਦੀ ਇਕ ਜਮਾਤ ਦੇ ਨਾਲ ਹਬਸ਼ਾ ਵੱਲ ਪਹਿਲੀ ਹਿਜਰਤ ਵੀ ਕੀਤੀ ਸੀ । ਹਬਸ਼ਾ ਵਿੱਚ ਪੜਾਅ ਸਮੇਂ ਹੀ ਉਹਨਾਂ ਨੂੰ ਖ਼ਬਰ ਮਿਲੀ ਕਿ ਕੁਰੈਸ਼ ਇਮਾਨ ਲੈ ਆਏ ਹਨ ਤਾਂ ਆਪ ਵਾਪਸ ਮੱਕੇ ਆ ਗਏ ਸਨ ਪਰ ਮੱਕੇ ਪਹੁੰਚ ਕੇ ਪਤਾ ਲਗਿਆ ਕਿ ਇਹ ਖ਼ਬਰ ਝੂਠੀ ਸੀ । ਇਸ'ਤੇ ਕੁਝ ਲੋਕ ਵਾਪਸ ਚਲੇ ਗਏ ਅਤੇ ਕੁਝ ਲੋਕ ਅਮਾਨ ਲੈਕੇ ਮੱਕੇ ਵਿੱਚ ਦਾਖ਼ਲ ਹੋਏ । ਹਜ਼ਰਤ ਉਸਮਾਨ ਬਿਨ ਮਜ਼ਊਨ ਰਜ਼ੀ ਅਲੱਾਹ ਅਨਹੁ ਵਲੀਦ ਬਿਨ ਮੁਗ਼ੀਰਾਹ ਦੀ ਅਮਾਨ ਲੈਕੇ ਮੱਕੇ ਦਾਖ਼ਲ ਹੋਏ । ਮੱਕੇ ਜਾਕੇ ਆਪ ਨੂੰ ਪਤਾ ਲਗੱਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਦੇ ਸਹਾਬਾ ਨੂੰ ਕਸ਼ਟ ਪਹੁੰਚ ਰਹੇ ਹਨ ਅਤੇ ਉਹਨਾ'ਤੇ ਜ਼ੁਲਮ ਹੋ ਰਿਹਾ ਹੈ । ਇਸ'ਤੇ ਉਹਨਾਂ ਨੇ ਵਲੀਦ ਨੂੰ ਕਿਹਾ ਕਿ ਆਪ ਆਪਣੀ ਅਮਾਨ ਵਾਪਸ ਲੈ ਲੈਣ । ਮੈਨੂੰ ਰੱਬ ਦੀ ਅਮਾਨ ਬਹੁਤ ਹੈ । ਵਲੀਦ ਨੇ ਕਿਹਾ ਕਿ ਹੇ ਮੇਰੇ ਭਤੀਜੇ ਕੀ ਤੈਨੂੰ ਮੇਰੀ ਅਮਾਨ ਵਿੱਚ ਕੋਈ ਕਸ਼ਟ ਪਹੁੰਚ ਰਿਹਾ ਹੈ ਜਾਂ ਤੁਹਾਡੀ ਬੇਅਦਬੀ ਹੋਈ ਹੈ । ਹਜ਼ਰਤ ਉਸਮਾਨ ਨੇ ਕਿਹਾ ਕਿ ਨਹੀਂ ਪਰ ਮੈਂਨੂੰ ਰੱਬ ਦੀ ਅਮਾਨ ਬਹੁਤ ਹੈ । ਇਸ'ਤੇ ਵਲੀਦ ਨੇ ਕਿਹਾ ਕਿ ਫਿਰ ਖ਼ਾਨਾ ਕਾਬਾ ਵਿੱਚ ਐਲਾਨ ਕਰਕੇ ਮੇਰੀ ਅਮਾਨ ਵਾਪਸ ਕਰੋ । ਹਜ਼ਰਤ ਉਸਮਾਨ ਨੇ ਖ਼ਾਨਾ ਕਾਬਾ ਵਿੱਚ ਜਾਕੇ ਸਾਰਿਆਂ ਦੇ ਸਾਹਮਣੇ ਅਮਾਨ ਵਾਪਸ ਕਰਨ ਦਾ ਐਲਾਨ ਕਰ ਦਿਤੱਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ : ਇਸ ਹਬਸ਼ਾ ਦੀ ਹਿਜਰਤ ਦਾ ਸੰਖੇਪ ਜਿਹਾ ਵਰਨਣ ਕਰ ਦਿੰਦਾ ਹਾਂ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ ਜੱਦ ਮੁਸਲਮਾਨਾ ਦੇ ਕਸ਼ਟ ਅੰਤ ਨੂੰ ਪਹੁੰਚ ਗਏ ਅਤੇ ਕੁਰੈਸ਼ ਆਪਣੇ ਦੁਖ ਤੇ ਕਸ਼ਟ ਪਹੁੰਚਾਉਣ ਵਿੱਚ ਵਧੱਦੇ ਗਏ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ

ਮੁਸਲਮਾਨਾ ਨੂੰ ਕਿਹਾ ਕਿ ਉਹ ਹਬਸ਼ੇ ਵੱਲ ਹਿਜਰਤ ਕਰ ਜਾਣ ਅਤੇ ਫ਼ਰਮਾਇਆ ਹਬਸ਼ੇ ਦਾ ਬਾਦਸ਼ਾਹ ਨਿਆਕਾਰ ਤੇ ਇੰਸਾਫ਼ ਪਸੰਦ ਹੈ । ਸੋ, ਰਜਬ ਦੇ ਮਹੀਨੇ ਪੰਜ ਨਬਵੀ ਵਿੱਚ ਗਿਆਰਾਂ ਪੁਰੁਸ਼ ਅਤੇ ਚਾਰ ਇਸਤਰੀਆਂ ਨੇ ਹਬਸ਼ੇ ਵੱਲ ਹਿਜਰਤ ਕੀਤੀ । ਇਹ ਇਕ ਅਦਭੁਤ ਗੱਲ ਹੈ ਕਿ ਇਹਨਾ ਅਰੰਭਕ ਹਿਜਰਤ ਕਰਨ ਵਾਲਿਆਂ ਵਿੱਚ ਬਹੁਤੀ ਗਿਣਤੀ ਉਹਨਾ ਲੋਕਾਂ ਦੀ ਸੀ ਜੋ ਕੁਰੈਸ਼ ਦੇ ਸ਼ਕਤੀਸ਼ਾਲੀ ਕਬੀਲਿਆਂ ਨਾਲ ਸੰਬੰਧ ਰਖੱਦੇ ਸਨ ਜਿੰਨਾਂ ਤੋਂ ਦੋ ਗਲੱਾਂ ਦਾ ਪਤਾ ਲਗੱਦਾ ਹੈ ਕਿ ਪਹਿਲਾ ਇਹ ਕਿ ਇਹ ਸ਼ਕਤੀਸ਼ਾਲੀ ਕਬੀਲਿਆਂ ਨਾਲ ਸੰਬੰਧ ਰਖੱਣ ਵਾਲੇ ਲੋਕ ਵੀ ਕੁਰੈਸ਼ ਦੇ ਅਤਿਆਚਾਰਾਂ ਤੋਂ ਸੁਰੱਖਿਅਤ ਨਹੀਂ ਸਨ । ਦੂਜਾ ਇਹ ਕਿ ਕਮਜ਼ੋਰ ਲੋਕ ਉਧਾਰਣ ਲਈ ਗ਼ੁਲਾਮ ਆਦਿ ਇਸ ਸਮੇਂ ਅਜਿਹੇ ਕਮਜ਼ਰੀ ਤੇ ਬੇਬਸੀ ਦੀ ਹਾਲਤ ਵਿੱਚ ਸਨ ਕਿ ਹਿਜਰਤ ਦੀ ਤਾਕਤ ਵੀ ਨਹੀਂ ਰਖੱਦੇ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਸ ਘਟਨਾ ਨੂੰ ਆਪਣੇ ਅੰਦਾਜ਼ ਵਿੱਚ ਬਿਆਨ ਕਰਦਿਆਂ ਹੋਇਆਂ ਲਿਖੱਦੇ ਹਨ ਕਿ ਇਹਨਾ ਲੋਕਾਂ ਦਾ ਮੱਕੇ ਵਿੱਚੋਂ ਨਿਕਲਨਾ ਇਕ ਅਤਿਅੰਤ ਦੁਖਦਾਈ ਘਟਨਾ ਸੀ । ਇਹਨਾ ਦੇ ਦਿਲਾਂ ਦੀ ਜੋ ਹਾਲਤ ਸੀ, ਸੋ ਤਾਂ ਹੈ ਸੀ । ਇਹਨਾਂ ਨੂੰ ਦੇਖਣ ਵਾਲੇ ਵੀ ਇਹਨਾ ਦੇ ਕਸ਼ਟਾਂ ਤੋਂ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕੇ । ਸੋ, ਜਿਸ ਸਮੇਂ ਇਹ ਜਥੱਾ ਨਿਕਲ ਰਿਹਾ ਸੀ, ਉਸ ਸਮੇਂ ਹਜ਼ਰਤ ਉਮਰ ਜੋ ਉਸ ਸਮੇਂ ਤੱਕ ਕਾਫ਼ਰ ਤੇ ਇਸਲਾਮ ਦੇ ਕਟੱਰ ਵੈਰੀ ਸਨ, ਸੁਭਾਵਕ ਹੀ ਇਸ ਜੱਥੇ ਦੇ ਕੁਝ ਲੋਕਾਂ ਨੂੰ ਮਿਲ ਗਏ । ਉਹਨਾਂ ਵਿੱਚ ਇਕ ਸਹਾਬੀਆ ਉਮੇ ਅਬਦੁਲੱਾਹ ਨਾਂ ਦੀ ਸਨ । ਬੰਨ੍ਹੇ ਹੋਏ ਸਮਾਨ ਅਤੇ ਤਿਆਰ ਸਵਾਰੀਆਂ ਨੂੰ ਜੱਦ ਆਪ ਨੇ ਦੇਖਿਆ ਤਾਂ ਸਮਝ ਗਏ ਕਿ ਇਹ ਲੋਕ ਮਕੱਾ ਛਡੱਕੇ ਜਾ ਰਹੇ ਹਨ । ਆਪ ਨੇ ਕਿਹਾ ਉਮੱ ਅਬਦੁਲੱਾਹ ਇਹ ਤਾਂ ਹਿਜਰਤ ਦਾ ਸਮਾਨ ਦਿਖਾਈ ਦੇ ਰਿਹਾ ਹੈ । ਉਮੇ ਅਬਦੁਲੱਾਹ ਕਹਿੰਦੀ ਹਨ, ਮੈਂ ਉਤੱਰ ਵਿੱਚ ਕਿਹਾ, ਹਾਂ ! ਰੱਬ ਦੀ ਸਹੁੰ ਅਸੀਂ ਕਿਸੇ ਹੋਰ ਦੇਸ਼ ਚਲੇ ਜਾਵਾਂਗੇ ਕਿਉਂਕਿ ਤੁਸੀਂ ਸਾਨੂੰ ਬਹੁਤ ਦੁੱਖ ਦਿੱਤੇ ਹਨ ਅਤੇ ਸਾਡੇ ਉਪੱਰ ਬਹੁਤ ਜ਼ੁਲਮ ਕੀਤੇ ਹਨ । ਅਸੀਂ ਉਸ ਸਮੇਂ ਤੱਕ ਆਪਣੇ ਦੇਸ਼ ਨਹੀਂ ਪਰਤਾਂਗੇ ਜੱਦ ਤੱਕ ਰੱਬ ਸਾਡੇ ਲਈ ਕੋਈ ਆਸਾਨੀ ਅਤੇ ਆਰਾਮ ਦਾ ਸਾਧਨ ਪੈਦਾ ਨਹੀਂ ਕਰ ਦਿੰਦਾ । ਉਮੇ ਅਬਦੁਲੱਾਹ ਬਿਆਨ ਕਰਦੀ ਹਨ ਕਿ ਉਮਰ ਨੇ ਉਤੱਰ ਵਿੱਚ ਕਿਹਾ ਚੰਗਾ, ਰੱਬ ਤੁਹਾਡੇ ਨਾਲ ਹੋਵੇ । ਫਿਰ ਉਹ ਮੂੰਹ ਫੇਰਕੇ ਛੇਤੀ ਨਾਲ ਚਲੇ ਗਏ ਅਤੇ ਮੈਂ ਅਨੁਭਵ ਕੀਤਾ ਕਿ ਇਸ ਗੱਲ ਨਾਲ ਉਹਨਾ ਦਾ ਮਨ ਅਤਿਅੰਤ ਦੁਖੀ ਹੋ ਗਿਆ । ਮੱਕੇ ਵਾਲਿਆਂ ਨੂੰ ਇਹ ਪਤਾ ਲਗੱਾ ਤਾਂ ਉਹਨਾ ਨੇ ਇਹ ਫ਼ੈਸਲਾ ਕੀਤਾ ਇਕ ਜਥੱਾ ਹਬਸ਼ੇ ਦੇ ਬਾਦਸ਼ਾਹ ਕੋਲ ਭੇਜਿਆ ਜਾਵੇ ਜੋ ਉਸ ਨੂੰ ਮੁਸਲਮਾਨਾ ਦੇ ਵਿਰੁਧ ਭੜਕਾਏ ਅਤੇ ਉਸਨੂੰ ਤਹਿਰੀਕ ਕਰੇ ਕਿ ਉਹ ਮੁਸਲਮਾਨਾ ਨੂੰ ਮੱਕੇ ਵਾਲਿਆਂ ਦੇ ਸੁਪੁਰਦ ਕਰ ਦੇਵੇ । ਇਹ ਜਥੱਾ ਹਬਸ਼ੇ ਗਿਆ ਅਤੇ ਬਾਦਸ਼ਾਹ ਨੂੰ ਮਿਲਿਆ ਅਤੇ ਦਰਬਾਰ ਦੇ ਵਜ਼ੀਰਾਂ ਨੂੰ ਵੀ ਬਹੁਤ ਭੜਕਾਇਆ, ਪਰ ਰੱਬ ਨੇ ਹਬਸ਼ੇ ਦੇ ਬਾਦਸ਼ਾਹ ਦੇ ਮਨ ਨੂੰ ਮਜ਼ਬੂਤ ਕਰ ਦਿਤੱਾ ਸੀ ਅਤੇ ਉਸ ਨੇ ਇਹਨਾ ਲੋਕਾਂ ਦੇ ਵਾਰ ਵਾਰ ਹੱਠ ਕਰਨ ਅਤੇ ਦਰਬਾਰੀਆਂ ਦੇ ਹੱਠ ਦੇ ਹੁੰਦਿਆਂ ਹੋਇਆਂ ਵੀ ਕਿ ਮੁਸਲਮਾਨਾ ਨੂੰ ਕਾਫ਼ਰਾਂ ਦੇ ਸੁਪੁਰਦ ਕਰਨ ਤੋਂ ਇਨਕਾਰ ਕਰ ਦਿਤੱਾ । ਜੱਦ ਇਹ ਜਥੱਾ ਅਸਫ਼ਲ ਹੋਕੇ ਵਾਪਸ ਪਰਤਿਆ ਤਾਂ ਮੱਕੇ ਵਾਲਿਆਂ ਨੇ ਇਹਨਾਂ ਮੁਸਲਮਾਨਾ ਨੂੰ ਬੁਲਾਉਣ ਲਈ ਇਕ ਵਿਉਂਤ ਬਣਾਈ, ਉਹ ਇਹ ਕਿ ਹਬਸ਼ੇ ਜਾਣ ਵਾਲੇ ਕੁਝ ਜੱਥਿਆਂ ਵਿੱਚ ਇਹ ਖ਼ਬਰ ਫੈਲਾ ਦਿੱਤੀ ਕਿ ਮੱਕੇ ਦੇ ਸਾਰੇ ਲੋਕ ਮੁਸਲਮਾਨ ਹੋ ਗਏ ਹਨ । ਜੱਦ ਇਹ ਖ਼ਬਰ ਹਬਸ਼ੇ ਪਹੁੰਚੀ ਤਾਂ ਅਧਿਕਤਰ ਮੁਸਲਮਾਨ ਖ਼ੁਸ਼ੀ ਨਾਲ ਮੱਕੇ ਵੱਲ ਵਾਪਸ ਪਰਤੇ, ਪਰ ਮੱਕੇ ਪਹੁੰਚਕੇ ਉਹਨਾ ਨੂੰ ਪਤਾ ਲੱਗਿਆ ਕਿ ਇਹ ਖ਼ਬਰ ਝੂਠੀ ਸੀ ਤੇ ਸ਼ਰਾਰਤ ਨਾਲ ਪ੍ਰਸਿੱਧ ਕੀਤੀ ਗਈ ਹੈ ਅਤੇ ਇਸ ਵਿੱਚ ਕੋਈ ਸਚੱਾਈ ਨਹੀਂ ਹੈ । ਇਸ'ਤੇ ਕੁਝ ਲੋਕ ਤਾਂ ਵਾਪਸ ਹਬਸ਼ੇ ਪਰਤ ਗਏ ਅਤੇ ਕੁਝ ਮੱਕੇ ਵਿੱਚ ਠਹਿਰ ਗਏ, ਇਹਨਾ ਠਹਿਰਨ ਵਾਲਿਆਂ ਵਿੱਚ ਉਸਮਾਨ ਬਿਨ ਮਜ਼ਊਨ ਵੀ ਸਨ ਜੋ ਮੱਕੇ ਦੇ ਇਕ ਬਹੁਤ ਵੱਡੇ ਰਈਸ

ਦੇ ਪੁਤੱਰ ਸਨ । ਇਸ ਵਾਰ ਇਹਨਾ ਦੇ ਪਿਤਾ ਦੇ ਇਕ ਮਿਤੱਰ ਵਲੀਦ ਬਿਨ ਮੁਗ਼ੀਰਾ ਨੇ ਇਹਨਾ ਨੂੰ ਪਨਾਹ ਦਿੱਤੀ ਅਤੇ ਉਹ ਅਮਨ ਨਾਲ ਮੱਕੇ ਵਿੱਚ ਰਹਿਣ ਲੱਗੇ, ਪਰ ਇਸ ਸਮੇਂ ਦੌਰਾਨ ਉਹਨਾ ਨੇ ਦੇਖਿਆ ਕਿ ਕਈ ਹੋਰ ਮੁਸਲਮਾਨਾ ਨੂੰ ਦੁੱਖ ਦਿੱਤੇ ਜਾਂਦੇ ਹਨ ਅਤੇ ਉਹਨਾਂ ਨੂੰ ਕਰੜੇ ਤੋਂ ਕਰੜੇ ਕਸ਼ਟ ਦੁੱਖ ਦਿੱਤੇ ਜਾਂਦੇ ਹਨ । ਕਿਉਂਕਿ ਉਹ ਗੈਰਤ ਰਖੱਣ ਵਾਲੇ ਨੌਜੁਆਨ ਸਨ, ਵਲੀਦ ਕੋਲ ਗਏ ਅਤੇ ਉਸਨੂੰ ਕਹਿ ਦਿਤੱਾ ਕਿ ਮੈਂ ਆਪ ਦੀ ਪਨਾਹ ਨੂੰ ਵਾਪਸ ਕਰਦਾ ਹਾਂ ਕਿਉਂਕਿ ਮੈਥੋਂ ਇਹ ਨਹੀਂ ਦੇਖਿਆ ਜਾਂਦਾ ਕਿ ਦੂਜੇ ਮੁਨਲਮਾਨ ਦੁੱਖ ਝਲੱਣ ਅਤੇ ਮੈਂ ਆਰਾਮ ਨਾਲ ਰਹਾਂ । ਸੋ, ਵਲੀਦ ਨੇ ਐਲਾਨ ਕਰ ਦਿਤੱਾ ਕਿ ਉਸਮਾਨ ਹੁਣ ਮੇਰੀ ਪਨਾਹ ਵਿੱਚ ਨਹੀਂ ਹੈ ।

ਇਕ ਦਿਨ ਲਬੀਦ ਜੋ ਅਰਬ ਦਾ ਇਕ ਪ੍ਰਸਿੱਧ ਸ਼ਾਇਰ ਸੀ ਮੱਕੇ ਦੇ ਰਈਸਾਂ ਵਿੱਚ ਬੈਠਾ ਸੇਅਰ ਪੜ੍ਹ ਰਿਹਾ ਸੀ ਕਿ ਇਕ ਟੂਕ ਉਸਨੇ ਪੜ੍ਹੀ, وكل نعيم لا محالة زائل. ਜਿਸ ਦੇ ਇਹ ਅਰਥ ਹਨ ਕਿ ਹਰ ਨੇਮਤ ਅੰਤ ਨੂੰ ਮਿਟ ਜਾਣ ਵਾਲੀ ਹੈ । ਉਸਮਾਨ ਬਿਨ ਮਜ਼ਊਨ ਨੇ ਕਿਹਾ ਕਿ ਇਹ ਗ਼ਲਤ ਹੈ, ਸਵਰਗ ਦੀਆਂ ਨੇਮਤਾਂ ਹਮੇਸ਼ਾ ਕਾਇਮ ਰਹਿਣਗੀਆਂ । ਲਬੀਦ ਇਕ ਬਹੁਤ ਵਡੱਾ ਵਿਅਕਤੀ ਸੀ, ਇਹ ਉਤੱਰ ਸੁਣਕੇ ਜੋਸ਼ ਵਿੱਚ ਆ ਗਿਆ ਅਤੇ ਉਸਨੇ ਕਿਹਾ ਕਿ ਹੇ ਕੁਰੈਸ਼ ਦੇ ਲੋਕੋ ! ਤੁਹਾਡੇ ਮਹਿਮਾਨ ਨੂੰ ਪਹਿਲਾਂ ਤਾਂ ਇਸ ਪ੍ਰਕਾਰ ਜ਼ਲੀਲ ਨਹੀਂ ਕੀਤਾ ਜਾਂਦਾ ਸੀ ਹੁਣ ਇਕ ਨਵਾਂ ਰਿਵਾਜ ਕਦੋਂ ਤੋਂ ਸ਼ੁਰੂ ਹੋ ਗਿਆ ਹੈ । ਇਸ'ਤੇ ਇਕ ਵਿਅਕਤੀ ਨੇ ਕਿਹਾ ਇਹ ਇਕ ਮੂਰਖ ਵਿਅਕਤੀ ਹੈ ਇਸ ਦੀ ਗਲ ਦੀ ਪਰਵਾਹ ਨ ਕਰੋ । ਹਜ਼ਰਤ ਉਸਮਾਨ ਨੇ ਆਪਣੀ ਗੱਲ'ਤੇ ਹੱਠ ਕੀਤਾ ਅਤੇ ਕਿਹਾ ਕਿ ਮੂਰਖਤਾ ਦੀ ਕਿਹੜੀ ਗੱਲ ਹੈ ਜੋ ਗੱਲ ਮੈਂ ਕਹੀ ਹੈ ਉਹ ਸੱਚ ਹੈ । ਇਸ'ਤੇ ਇਕ ਵਿੱਕਤੀ ਨੇ ਉਠੱਕੇ ਜ਼ੋਰਦਾਰ ਮੁਕੱਾ ਆਪ ਦੇ ਮੂੰਹ'ਤੇ ਮਾਰਿਆ ਜਿਸ ਨਾਲ ਆਪ ਦੀ ਇਕ ਅੱਖ ਨਿਕਲ ਗਈ । ਵਲੀਦ ਉਸ ਸਮੇਂ ਇਸ ਸਭਾ ਵਿੱਚ ਬੈਠਾ ਹੋਇਆ ਸੀ ਜਿਸ ਨੇ ਆਪ ਨੂੰ ਪਨਾਹ ਦਿੱਤੀ ਸੀ । ਉਸਮਾਨ ਬਿਨ ਮਜ਼ਊਨ ਦੇ ਪਿਤਾ ਨਾਲ ਡੂੰਘੀ ਮਿਤੱਰਤਾ ਸੀ । ਆਪਣੇ ਮੁਰਦਾ ਮਿਤੱਰ ਦੇ ਪੁਤੱਰ ਦੀ ਇਹ ਹਾਲਤ ਉਸ ਤੋਂ ਨ ਦੇਖੀ ਗਈ, ਪਰ ਮੱਕੇ ਦੇ ਰਿਵਾਜ ਅਨੁਸਾਰ ਜੱਦ ਉਸਮਾਨ ਉਸ ਦੀ ਪਨਾਹ ਵਿੱਚ ਨਹੀਂ ਸਨ ਤਾਂ ਉਹ ਉਹਨਾ ਦੀ ਹਿਮਾਇਤ ਵੀ ਨਹੀਂ ਕਰ ਸਕਦੇ ਸੀ ਇਸ ਲਈ ਉਹ ਹੋਰ ਤਾਂ ਕੁਝ ਨਹੀਂ ਕਰ ਸਕਿਆ, ਅਤਿਅੰਤ ਦੁੱਖ ਨਾਲ ਉਸਮਾਨ ਨੂੰ ਸੰਬੋਧਤ ਕਰਕੇ ਬੋਲਿਆ ਕਿ ਹੇ ਮੇਰੇ ਭਰਾ ਦੇ ਪੁਤੱਰ ਰੱਬ ਦੀ ਸਹੁੰ ਤੇਰੀ ਇਹ ਅੱਖ ਇਸ ਦੁੱਖ ਤੋਂ ਬੱਚ ਸਕਦੀ ਸੀ ਜੱਦ ਤੱਕ ਤੂੰ ਇਕ ਚੰਗੀ ਸੁੱਰਖਿਆ ਹੇਠ ਸੀ ਪਰ ਤੂੰ ਆਪ ਹੀ ਆਪਣੀ ਪਨਾਹ ਨੂੰ ਛੱਡ ਦਿੱਤਾ ਅਤੇ ਇਹ ਦਿਨ ਦੇਖਣਾ ਪਿਆ । ਉਸਮਾਨ ਨੇ ਉਤੱਰ ਦਿਤੱਾ ਕਿ ਜੋ ਕੁਝ ਮੇਰੇ ਨਾਲ ਹੋਇਆ ਮੈਂ ਆਪ ਇਸ ਦਾ ਇਛੁੱਕ ਸੀ । ਤੁਸੀਂ ਮੇਰੀ ਫੁੱਟੀ ਹੋਈ ਅੱਖ'ਤੇ ਮਾਤਮ ਕਰ ਰਹੇ ਹੋ ਹਾਲਾਂਕਿ ਮੇਰੀ ਸਵਸਥ ਅੱਖ ਇਸ ਗੱਲ ਲਈ ਤੜਪ ਰਹੀ ਹੈ ਕਿ ਜੋ ਮੇਰੀ ਭੈਣ ਅੱਖ ਨਾਲ ਹੋਇਆ ਹੈ ਉਹ ਮੇਰੇ ਨਾਲ ਕਿਉਂ ਨਹੀਂ ਹੋਇਆ । ਵਲੀਦ ਨੂੰ ਉਸਮਾਨ ਨੇ ਇਹ ਉਤੱਰ ਦਿਤੱਾ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਨਮੂਨਾ ਮੇਰੇ ਲਈ ਬਹੁਤ ਹੈ । ਜੇਕਰ ਉਹ ਕਸ਼ਟ ਝੱਲ ਰਹੇ ਹਨ ਤਾਂ ਮੈਂ ਕਿਉਂ ਨ ਚੁਕੱਾਂ, ਮੇਰੇ ਲਈ ਰੱਬ ਦੀ ਹਿਮਾਇਤ ਬਹੁਤ ਹੈ ।

ਹਜ਼ਰਤ ਮੁਸਲਿਹ ਮਊਦ ਰਜ਼ੀ ਅਲਾਹ ਅਨਹੁ ਫ਼ਰਮਾਉਂਦੇ ਹਨ ਕਿ ਉਸਮਾਨ ਬਿਨ ਮਜ਼ਊਨ ਦਾ ਇਸ ਪ੍ਰਕਾਰ ਉਤੱਰ ਦੇਣਾ ਇਸ ਲਈ ਸੀ ਕਿ ਉਹਨਾਂ ਨੇ ਕੁਰਆਨ ਕਰੀਮ ਸੁਣਿਆ ਹੋਇਆ ਸੀ, ਕੁਰਆਨ ਕਰੀਮ ਦੀ ਸਿੱਖਿਆ ਸੁਣੀ ਹੋਈ ਸੀ, ਕੁਰਆਨ ਕਰੀਮ ਪੜ੍ਹਿਆ ਹੋਇਆ ਸੀ ਅਤੇ ਹੁਣ ਉਹਨਾਂ ਅਨੁਸਾਰ ਸ਼ੇਅਰਾਂ ਦੀ ਕੁਝ ਵੀ ਮਹਤੱਾ ਨਹੀਂ ਸੀ ਸਗੋਂ ਲਬੀਦ ਨੇ ਵੀ ਮੁਸਲਮਾਨ ਹੋਣ'ਤੇ ਇਹੋ ਤਰੀਕਾ ਧਾਰਣ ਕੀਤਾ ਸੀ ਸੋ, ਹਜ਼ਰਤ ਉਮਰ ਨੇ ਇਕ ਵਾਰ ਆਪਣੇ ਗਵਰਨਰ ਨੂੰ ਸੁਨੇਹਾ ਭੇਜਿਆ ਕਿ ਮੈਨੂੰ ਕੁਝ ਪ੍ਰਸਿਧ ਕਵੀਆਂ ਦਾ ਤਾਜ਼ਾ ਕਲਾਮ ਭੇਜੋ । ਜੱਦ

ਲਬੀਦ ਤੋਂ ਇਸ ਇਛੱਾ ਦਾ ਪ੍ਰਗਟਾ ਕੀਤਾ ਗਿਆ ਤਾਂ ਉਹਨਾਂ ਨੇ ਕੁਰਆਨ ਕਰੀਮ ਦੀਆਂ ਕੁਝ ਆਇਤਾਂ ਲਿਖੱਕੇ ਭੇਜ ਦਿੱਤੀਆਂ ।

ਹਜ਼ਰਤ ਉਸਮਾਨ ਨਾਲ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਮ ਦਾ ਜੋ ਸੰਬੰਧ ਤੇ ਪਿਆਰ ਸੀ ਇਸ ਦਾ ਪ੍ਰਗਟਾ ਇਸ ਘਟਨਾ ਨਾਲ ਹੁੰਦਾ ਹੈ । ਰਿਵਾਇਤ ਵਿੱਚ ਆਉਂਦਾ ਹੈ ਕਿ ਇਹਨਾ ਦੇ ਫ਼ੌਤ ਹੋਣ'ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਨੂੰ ਬੋਸਾ ਦਿਤੱਾ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਦੀਆਂ ਅਖੱਾਂ ਵਿੱਚੋਂ ਉਸ ਸਮੇਂ ਹੰਝੂ ਭਰੇ ਸਨ । ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਸਾਹਿਬਜ਼ਾਦਾ ਇਬ੍ਰਾਹੀਮ ਫ਼ੌਤ ਹੋਇਆ ਤਾਂ ਆਪਨੇ ਉਸ ਸਮੇਂ ਲੋਥ ਉਪੱਰ ਫ਼ਰਮਾਇਆ : الحق بسلفنا الصالح عثمان ابن مظعون ਅਰਥਾਤ ਸਾਡੇ ਨੇਕ ਤੇ ਪਿਆਰੇ ਉਸਮਾਨ ਬਿਨ ਮਜ਼ਊਨ ਦੀ ਸੰਗਤ ਵਿੱਚ ਜਾ ।

ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਮਦੀਨੇ ਹਿਜਰਤ ਦੀ ਘਟਨਾ ਇਸ ਪ੍ਰਕਾਰ ਹੈ । ਮੁਹਮੱਦ ਬਿਨ ਉਮਰੋ ਅਕਦੀ ਬਿਆਨ ਕਰਦੇ ਹਨ ਕਿ ਮਜ਼ਊਨ ਦਾ ਪਰਿਵਾਰ ਉਹਨਾਂ ਲੋਕਾਂ ਵਿੱਚੋਂ ਸੀ ਜਿੰਨ੍ਹ ਦਾ ਸਾਰੇ ਪੁਰੁਸ਼ ਇਸਤਰੀਆਂ ਇਕੱਠੇ ਹੋਕੇ ਹਿਜਰਤ ਲਈ ਰਵਾਨਾ ਹੋਏ ਸਨ ਅਤੇ ਇਹਨਾ ਵਿੱਚੋਂ ਕੋਈ ਮੱਕੇ ਵਿੱਚ ਨਹੀਂ ਰਿਹਾ । ਹਜ਼ਰਤ ਉਮੱਲ ਅਲਾਅ ਬਿਆਨ ਕਰਦੀ ਹਨ ਕਿ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਅਤੇ ਮੁਹਾਜਰੀਨ ਮਦੀਨੇ ਆਏ ਤਾਂ ਅੰਸਾਰ ਦੀ ਇਛੱਾ ਸੀ ਕਿ ਉਹਨਾਂ ਦੇ ਘਰਾਂ ਵਿੱਚ ਠਹਿਰਨ ਇਸ'ਤੇ ਉਹਨਾਂ ਲਈ ਕੁਰੱਾ ਪਾਇਆ ਗਿਆ ਤਾਂ ਹਜ਼ਰਤ ਉਸਮਾਨ ਬਿਨ ਮਜ਼ਊਨ ਸਾਡੇ ਹਿੱਸੇ ਵਿੱਚ ਆਏ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਸਮਾਨ ਬਿਨ ਮਜ਼ਊਨ ਅਤੇ ਹਜ਼ਰਤ ਅਬੂ ਹੇਸ਼ਮ ਬਿਨ ਤੀਹਾਨ ਵਿੱਚਕਾਰ ਭਾਈ ਬੰਦੀ ਕਰਾਈ । ਹਜ਼ਰਤ ਉਸਮਾਨ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਸਾਰਿਆਂ ਲੋਕਾਂ ਤੋਂ ਵੱਧ ਜੋਸ਼ ਨਾਲ ਇਬਾਦਤ ਬਜਾ ਲਿਆਉਂਦੇ ਸਨ ਦਿਨ ਨੂੰ ਰੋਜ਼ਾ ਰਖੱਦੇ ਸਨ ਅਤੇ ਰਾਤ ਨੂੰ ਇਬਾਦਤ ਕਰਦੇ ਸਨ । ਇਛੱਾਵਾਂ ਤੋਂ ਬੱਚਕੇ ਰਹਿੰਦੇ ਸਨ ਅਤੇ ਇਸਤਰੀਆਂ ਤੋਂ ਦੂਰ ਰਹਿਣ ਦਾ ਜਤਨ ਕਰਦੇ । ਆਪ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਦੁਨੀਆ ਤਿਆਗਣ ਅਤੇ ਆਪਣੇ ਆਪ ਨੂੰ ਖੱਸੀ ਕਰ ਦੇਣ ਦੀ ਆਗਿਆ ਮੰਗੀ ਪਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਅਜਿਹਾ ਕਰਨ ਤੋਂ ਮਨਾ ਕਰ ਦਿਤੱਾ । ਇਹ ਇਤਿਹਾਸ ਦੀ ਕਿਤਾਬ ਅਸਦੁਲਗ਼ਾਬਾ ਵਿੱਚ ਲਿੱਖਿਆ ਹੈ ।

ਇਕ ਰਿਵਾਇਤ ਇਹ ਹੈ ਕਿ ਇਕ ਦਿਨ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਪਤਨੀ ਅਜ਼ਵਾਜਿ ਮੁਤੱਹਰਾਤ (ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਪਤਨੀਆਂ) ਕੋਲ ਆਈ । ਅਜ਼ਵਾਜਿ ਮੁਤਹਰਾਤ ਨੇ ਉਹਨਾ ਨੂੰ ਉਜੜੇ ਹਾਲਾਤ ਵਿੱਚ ਦੇਖਕੇ ਫ਼ਰਮਾਇਆ ਬਹੁਤ ਮੈਲੇ ਕਪੜੇ ਤੇ ਵਾਲ ਵਿਖਾਰੇ ਹੋਏ ਹਨ ਤੁਸੀਂ, ਅਜਿਹੀ ਹਾਲਤ ਕਿਉ ਬਣਾ ਰੱਖੀ ਹੈ ? ਆਪਣੇ ਆਪ ਨੂੰ ਸੁਆਰਕੇ ਰੱਖਿਆ ਕਰੋ । ਤੁਹਾਡੇ ਪਤੀ ਤੋਂ ਵੱਧ ਦੌਲਤਮੰਦ ਤਾਂ ਕੁਰੈਸ਼ ਵਿੱਚ ਕੋਈ ਨਹੀਂ ਹੈ । ਹਜ਼ਰਤ ਉਸਮਾਨ ਦੀ ਪਤਨੀ ਕਹਿਣ ਲੱਗੀ ਸਾਡੇ ਲਈ ਉਸ ਵਿੱਚ ਕੁਝ ਨਹੀਂ ਹੈ । ਇਸ ਦੀਆਂ ਭਾਵਨਾਵਾਂ ਸਾਡੇ ਲਈ ਕੁਝ ਨਹੀਂ ਹਨ, ਉਹ ਰੱਬ ਦੀ ਇਬਾਦਤ ਵਿੱਚ ਲੱਗੇ ਰਹਿੰਦੇ ਹਨ । ਸਾਡੇ ਵੱਲ ਧਿਆਨ ਵੀ ਨਹੀਂ ਦਿੰਦੇ ਦਿਨ ਨੂੰ ਰੋਜ਼ੇ ਰਖੱਦੇ ਹਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਆਏ ਤਾਂ ਪਤਨੀਆਂ ਨੇ ਆਪ ਨੂੰ ਦੱਸਿਆ । ਇਹ ਗੱਲ ਸੁਣਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਉਸਮਾਨ ਨੂੰ ਮਿਲੇ ਅਤੇ ਫ਼ਰਮਾਇਆ ਕਿ ਤੁਹਾਡੇ ਲਈ ਮੇਰੇ ਵਿੱਚ ਕੋਈ ਪਦਚਿੰਨ੍ਹ ਨਹੀਂ ਹੈ ? ਹਜ਼ਰਤ ਉਸਮਾਨ ਨੇ ਕਿਹਾ ਜਤਨ ਤਾਂ ਕਰਦਾ ਹਾਂ ਕਿ ਬਿਲਕੁਲ ਆਪ ਵਾਂਗ ਚਲਾਂ ਤਾਂ ਇਸ'ਤੇ ਆਪ ਨੇ ਫ਼ਰਮਾਇਆ ਕਿ ਤੁਸੀਂ ਦਿਨ ਭਰ ਰੋਜ਼ਾ ਰਖੱਦੇ ਹੋ ਅਤੇ ਰਾਤ ਭਰ ਇਬਾਦਤ ਵਿੱਚ ਲੰਘਾਉਂਦੇ ਹੋ । ਉਹਨਾ ਨੇ ਅਰਜ਼ ਕੀਤੀ ਜੀ ਹਾਂ ਅਜਿਹਾ ਹੀ ਕਰਦਾ ਹਾਂ । ਆਪ ਸਲਲਾਹੁ ਅਲੈਹਿ ਵਸਲਮ ਨੇ

ਫ਼ਰਮਾਇਆ ਅਜਿਹਾ ਨ ਕਰੋ । ਤੁਹਾਡੀਆਂ ਅਖੱਾਂ ਦਾ ਤੁਹਾਡੇ ਉਪੱਰ ਅਧਿਕਾਰ ਹੈ ਤੁਹਾਡੇ ਸ਼ਰੀਰ ਦਾ ਤੁਹਾਡੇ ਉਪੱਰ ਅਧਿਕਾਰ ਹੈ ਅਤੇ ਤੁਹਾਡੇ ਪਰਿਵਾਰ ਦਾ ਵੀ ਤੁਹਾਡੇ ਉਪੱਰ ਹੱਕ ਹੈ । ਤੁਹਾਡੀ ਪਤਨੀ ਤੇ ਬੱਚਿਆਂ ਦਾ ਵੀ ਤੁਹਾਡੇ ਉਪੱਰ ਹੱਕ ਹੈ । ਸੋ ਨਮਾਜ਼ ਪੜ੍ਹੋ ਅਤੇ ਸੌਣਾ ਵੀ ਜ਼ਰੂਰੀ ਹੈ । ਨਫ਼ਲ ਪੜ੍ਹੋ ਰਾਤਾਂ ਨੂੰ ਜਾਗੋ ਪਰ ਸੌਂਣਾ ਵੀ ਜ਼ਰੂਰੀ ਹੈ । ਰੋਜ਼ਾ ਰੱਖੋ ਅਤੇ ਛੱਡੋ ਵੀ, ਜੇਕਰ ਨਫ਼ਲੀ ਰੋਜ਼ੇ ਰੱਖੇ ਹਨ ਤਾਂ ਬੇਸ਼ਕ ਰੱਖੋ ਪਰ ਕੁਝ ਦਿਨ ਨਾਗ਼ੇ ਵੀ ਹੋਣੇ ਚਾਹੀਦੇ ਹਨ । ਕੁਝ ਸਮੇਂ ਬਾਦ ਇਹਨਾ ਦੀ ਪਤਨੀ ਅਜ਼ਵਾਜਿ ਮੁਤੱਹਰਾਤ ਕੋਲ ਦੁਬਾਰਾ ਆਈ ਤਾਂ ਉਹਨਾ ਨੇ ਖੁਸ਼ਬੋ ਲਾਈ ਹੋਈ ਸੀ ਸੰਭਵਤਾ ਉਹ ਦੁਲਹਨ ਹੋਣ । ਉਹਨਾਂ ਨੇ ਕਿਹਾ ਕੀ ਗੱਲ ਹੈ ਅੱਜ ਬਹੁਤ ਸਜੀ ਬਣੀ ਹੋਈ ਹਨ । ਇਸ'ਤੇ ਕਹਿਣ ਲੱਗੀ ਕਿ ਸਾਨੂੰ ਵੀ ਉਹ ਚੀਜ਼ ਮਿਲ ਗਈ ਹੈ ਜੋ ਲੋਕਾਂ ਨੂੰ ਉਪਲਭਧ ਹੈ ਅਰਥਾਤ ਹੁਣ ਪਤੀ ਧਿਆਨ ਦਿੰਦਾ ਹੈ ।

ਹਜ਼ਰਤ ਆਇਸ਼ਾ ਤੋਂ ਇਸ ਬਾਰੇ ਰਿਵਾਇਤ ਹੈ, ਆਪ ਫ਼ਰਮਾਉਂਦੀ ਹਨ ਕਿ ਰਸੂਲੇ ਕਰੀਮ ਨਲਲੱਾਹੁ ਅਲੈਹਿ ਵਸਲਮ ਨੇ ਉਸਮਾਨ ਬਿਨ ਮਜ਼ਊਨ ਨੂੰ ਬੁਲਾਇਆ ਅਤੇ ਫ਼ਰਮਾਇਆ ਕੀ ਤੂੰ ਮੇਰੇ ਤਰੀਕੇ ਨੂੰ ਪਸੰਦ ਨਹੀਂ ਕਰਦਾ ਹੈਂ, ਉਹ ਬੋਲੇ ਹੇ ਰਸੂਲੁਲੱਾਹ, ਨਹੀਂ ! ਮੈਂ ਆਪ ਦੇ ਹੀ ਤਰੀਕੇ ਨੂੰ ਭਾਲ ਕਰਦਾ ਹਾਂ ਤਾਂ ਆਪ ਸਲਲੱਾਹੁ ਅਲੈਹਿ ਵਨਲੱਮ ਨੇ ਫ਼ਰਮਾਇਆ ਕਿ ਮੈਂ ਸੌਂਦਾ ਵੀ ਹਾਂ ਨਮਾਜ਼ ਵੀ ਪੜ੍ਹਦਾ ਹਾਂ, ਰੋਜ਼ੇ ਵੀ ਰਖੱਦਾ ਹਾਂ ਅਤੇ ਕਦੇ ਨਹੀਂ ਵੀ ਰਖੱਦਾ ਅਤੇ ਇਸਤਰੀਆਂ ਨਾਲ ਨਿਕਾਹ ਵੀ ਕਰਦਾ ਹਾਂ । ਹੇ ਉਸਮਾਨ ਤੂੰ ਅਲੱਾਹ ਤੋਂ ਡਰ, ਤੇਰੇ ਉਪੱਰ ਤੇਰੀ ਪਤਨੀ ਦਾ ਵੀ ਹੱਕ ਹੈ, ਤੇਰੇ ਮਹਿਮਾਨ ਦਾ ਹੱਕ ਹੈ ਖੁਦ ਆਪ ਤੇਰੇ ਨਫ਼ਸ ਦਾ ਵੀ ਤੇਰੇ ਉਪੱਰ ਹੱਕ । ਸੋ, ਕਦੇ ਕਦੇ ਰੋਜ਼ੇ ਵੀ ਰੱਖੋ ਅਤੇ ਕਦੇ ਨ ਰੱਖੋ, ਨਮਾਜ਼ ਵੀ ਪੜ੍ਹਿਆ ਕਰੋ ਅਤੇ ਸੋਇਆ ਵੀ ਕਰੋ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿੱਖਦੇ ਹਨ ਕਿ ਉਸਮਾਨ ਬਿਨ ਮਜ਼ਊਨ ਨੇ ਜਹਾਲਤ ਦੇ ਸਮੇ ਸ਼ਰਾਬ ਤਿਆਗ ਦਿੱਤੀ ਸੀ ਇਸਲਾਮ ਵਿੱਚ ਵੀ ਦੁਨੀਆ ਤਿਆਗ ਦੇਣਾ ਚਾਹੁੰਦੇ ਸਨ ਪਰ ਹਜ਼ਰਤ ਮੁਹਮੱਦ ਸਲਲੱਾਹੁ ਲੈਹਿ ਵਸਲਮ ਨੇ ਇਹ ਫ਼ਰਮਾਉਂਦੇ ਹੋਏ ਕਿ ਇਸਲਾਮ ਵਿੱਚ ਰਹਬਾਨੀਯਤ ਜਾਇਜ਼ ਨਹੀ ਹੈ ਇਸ ਦੀ ਆਗਿਆ ਨਹੀਂ ਦਿੱਤੀ ।

ਹਜ਼ਰਤ ਉਸਮਾਨ ਬਿਨ ਮਜ਼ਊਨ ਪਹਿਲੇ ਮੁਹਾਜਰ ਸਨ ਜਿੰਨ੍ਹਾ ਨੇ ਮਦੀਨੇ ਵਿੱਚ ਵਫ਼ਾਤ ਪਾਈ ਆਪ ਦੋ ਹਿਜਰੀ ਵਿੱਚ ਫ਼ੌਤ ਹੋਏ । ਕਈਆਂ ਅਨੁਸਾਰ ਆਪ ਦੀ ਵਫ਼ਾਤ ਬਦਰ ਦੀ ਜੰਗ ਦੇ ਬਾਈ ਮਹੀਨਿਆਂ ਬਾਦ ਹੋਈ ਆਪ ਜਨੱਤੁਲ ਬਕੀ ਵਿੱਚ ਦਫ਼ਨ ਹੋਣ ਵਾਲੇ ਪਹਿਲੇ ਵਿਅਕਤੀ ਸਨ । ਬਹਿਰਹਾਲ ਇਹਨਾਂ ਬਾਰੇ ਕੁਝ ਹੋਰ ਵੀ ਗਲੱਾਂ ਹਨ ਜੋ ਇੰਸ਼ਾਅਲੱਾਹ ਭਵਿੱਖ ਵਿੱਚ ਵਰਨਣ ਕਰਾਂਗਾ ।

★★★ ਖ਼ੁਤਬਾ ਸਾਨੀਆ ★★★★


**Khulasa Khutba Jumma 19.04.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131